# A. PROCEDURE FOR APPLYING FOR THE JET

## ਜੇ.ਈ.ਟੀ ਲਈ ਅਪਲਾਈ ਕਰਨ ਦਾ ਢੰਗ

1. For appearing in the JET only OMR application form needs to be submitted. The form is available at a cost of Rs. 50/- only.
2. **SUBMISSION OF APPLICATION FORM:** The JET Application Form(also referred to as OMR Form) complete in all respects should be enclosed in the envelop supplied with the form and submitted at **affiliated polytechnic institutions *(list at page no. 8-12)*, or at the Board's Office on or before last date of submission of Application Form.**
3. **EXAMINATION CENTRES :** The JET will be conducted at all district head quartes and important cities based on the number of candidates. ***(list at page no. 6-7)***. The exact location of the Examination Centre at these places will be intimated in the Admit Card, which shall be issued to the candidates on acceptance of their Application Form by the Board.
4. **DUPLICATE ADMIT CARD :** Candidates who do not receive the Admit Card by 2nd week of April may contact Board's office from **15th April, 2015** for issue of **Duplicate Admit Cards**. Admit Card can only be issued after showing photocopy of the submitted Application Form. **A copy of the Admit Card is also available in the Board's websites. Candidates, who do not**

1. ਜੇ.ਈ.ਟੀ ਵਿਚ ਭਾਗ ਲੈਣ ਲਈ, ਕੇਵਲ ਓ.ਐਮ.ਆਰ. ਐਪਲੀਕੇਸ਼ਨ ਫਾਰਮ ਜਮ੍ਹਾਂ ਕਰਵਾਉਣ ਦੀ ਹੀ ਲੋੜ ਹੈ। ਇਹ ਫਾਰਮ ਸਿਰਫ 50/- ਰੁਪਏ ਦੀ ਕੀਮਤ ਤੇ ਉਪਲਬੱਧ ਹੋਵੇਗਾ।
2. **ਐਪਲੀਕੇਸ਼ਨ ਫਾਰਮ ਜਮ੍ਹਾ ਕਰਵਾਉਣਾ** : ਜੇ.ਈ.ਟੀ ਐਪਲੀਕੇਸ਼ਨ ਫਾਰਮ (ਜੋ ਕਿ ਓ.ਐਮ.ਆਰ. ਫਾਰਮ ਹੈ) ਨੂੰ ਪੂਰੀ ਤਰ੍ਹਾਂ ਭਰਕੇ, ਨਾਲ ਜਾਰੀ ਕੀਤੇ ਗਏ ਲਿਫਾਫੇ ਵਿੱਚ ਬੰਦ ਕਰਕੇ, ਐਫੀਲਿਏਟਿਡ ਪੋਲੀਟੈਕਨਿਕ ਕਾਲਜ (ਵੇਖੋ ਲਿਸਟ, ਪੰਨਾਂ ਨੰ. 8-12), ਜਾਂ ਬੋਰਡ ਦਫਤਰ ਵਿਚ ਆਖਰੀ ਮਿਤੀ ਤੱਕ ਜਮ੍ਹਾਂ ਕਰਵਾਇਆ ਜਾ ਸਕਦਾ ਹੈ।
3. **ਪ੍ਰੀਖਿਆ ਕੇਂਦਰ** : ਜੇ.ਈ.ਟੀ. ਪ੍ਰੀਖਿਆ ਉਮੀਦਵਾਰਾਂ ਦੀ ਗਿਣਤੀ ਅਨੁਸਾਰ ਜਿਲ੍ਹਾ ਪੱਧਰ ਤੇ ਅਤੇ ਮੁੱਖ ਸ਼ਹਿਰਾਂ ਵਿੱਚ ਕਰਵਾਈ ਜਾਵੇਗੀ। (ਵੇਖੋ ਲਿਸਟ, ਪੰਨਾਂ ਨੰ. 6-7)। ਪ੍ਰੀਖਿਆ ਕੇਂਦਰ ਦਾ ਸਹੀ ਪਤਾ ਬੋਰਡ ਦੁਆਰਾ ਜਾਰੀ ਕੀਤੇ ਐਡਮਿਟ ਕਾਰਡ ਤੇ ਦਰਸਾਇਆ ਜਾਵੇਗਾ, ਇਹ ਉਮੀਦਵਾਰ ਦੇ ਐਪਲੀਕੇਸ਼ਨ ਫਾਰਮ ਬੋਰਡ ਦਫਤਰ ਦੁਆਰਾ ਪ੍ਰਵਾਨ ਕੀਤੇ ਜਾਣ ਤੇ ਜਾਰੀ ਕੀਤਾ ਜਾਵੇਗਾ।
4. **ਡੂਪਲੀਕੇਟ ਐਡਮਿਟ ਕਾਰਡ** : ਉਹ ਉਮੀਦਵਾਰ ਜਿਸ ਦਾ ਐਡਮਿਟ ਕਾਰਡ ਅਪ੍ਰੈਲ ਦੇ ਦੂਜੇ ਹਫਤੇ ਪ੍ਰਾਪਤ ਨਹੀਂ ਹੁੰਦਾ, ਉਹ ਮਿਤੀ **15** ਅਪ੍ਰੈਲ, **2015** ਤੋਂ ਡੂਪਲੀਕੇਟ ਐਡਮਿਟ ਕਾਰਡ ਜਾਰੀ ਕਰਵਾਉਣ ਲਈ ਬੋਰਡ ਦਫਤਰ ਵਿਖੇ ਪਹੁੰਚ ਸਕਦਾ ਹੈ। ਡੂਪਲੀਕੇਟ ਐਡਮਿਟ ਕਾਰਡ ਕੇਵਲ ਜਮਾਂ ਕਰਵਾਏ ਹੋਏ ਐਪਲੀਕੇਸ਼ਨ ਫਾਰਮ ਦੀ ਫੋਟੋਕਾਪੀ ਦਿਖਾਉਣ ਤੇ ਹੀ ਜਾਰੀ ਕੀਤਾ ਜਾਵੇਗਾ।ਐਡਮਿਟ ਕਾਰਡ ਦੀ ਇਕ ਕਾਪੀ ਬੋਰਡ ਦਫਤਰ ਦੀ ਵੈਬਸਾਈਟ ਤੇ ਵੀ ਉਪਲੱਬਧ ਹੋਵੇਗੀ।ਉਹ

**receive Admit Card by post, can take a print out from websites and proceed to the Examination centre alongwith a copy of the passport size photograph.**

5. No fee will be taken while submission of the application forms. The application form will be collected by the respective Principals of the Schools of both Govt. as well as Private Schools and the Govt. and Private Polytechnic Institutions affiliated with the Board.

ਉਮੀਦਵਾਰ, ਜਿਹਨਾਂ ਦੇ ਐਡਮਿਟ ਕਾਰਡ ਡਾਕ ਰਾਹੀਂ ਪ੍ਰਾਪਤ ਨਹੀਂ ਹੁੰਦੇ ਉਹ ਵੈਬਸਾਈਟ ਤੋਂ ਐਡਮਿਟ ਕਾਰਡ ਦਾ ਪ੍ਰਿੰਟ ਲੈਕੇ, ਆਪਣੀ ਪਾਸਪੋਰਟ ਫੋਟੋ ਲੈਕੇ, ਵੀ ਪ੍ਰੀਖਿਆ ਹਾਲ ਵਿਚ ਜਾ ਸਕਦੇ ਹਨ।

5. ਐਪਲੀਕੇਸ਼ਨ ਫਾਰਮ ਜਮ੍ਹਾਂ ਕਰਵਾਉਣ ਵੇਲੇ ਕੋਈ ਫੀਸ ਨਹੀਂ ਲਈ ਜਾਵੇਗੀ। ਐਪਲੀਕੇਸ਼ਨ ਫਾਰਮ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਪ੍ਰਿੰਸੀਪਲਾਂ ਦੇ ਨਾਲ ਨਾਲ ਬੋਰਡ ਦੇ ਐਫੀਲਿਏਟਡ ਪਾਲੀਟੈਕਨਿਕ (ਸਰਕਾਰੀ ਅਤੇ ਪ੍ਰਾਈਵੇਟ) ਕਾਲਜਾਂ ਦੇ ਪ੍ਰਿੰਸੀਪਲਾਂ ਕੋਲ ਜਮਾਂ ਕਰਵਾਏ ਜਾਣਗੇ।

## B. PROCEDURE FOR APPLYING THE ADMISSION PROSPECTUS

## ਜੇ.ਈ.ਟੀ ਦਾਖਲਾ ਪ੍ਰੋਸਪੈਕਟ ਲਈ ਅਪਲਾਈ ਕਰਨ ਦਾ ਢੰਗ

6. **AFTER JET, PROCEDURE FOR ADMISSION**

- Detail procedure including reservation policy for admission to various diploma courses shall be outlined in Admission Prospectus after the JET test.
- Admission Prospectus will be made available after the declaration of result of JET 2015. **The candidates should note that for participation in online counselling for admission, submission of Admission application Form is compulsory** The exact date shall be notified through newspapers.
- Admission Prospectus will be available at a cost of Rs. 250/- through District Suvidha Centres, Banks and the affiliated institutions.
- This Admission forms shall be then submitted by the candidates at District Suvidha Centres, Banks and the affiliated institutions with a processing fee of Rs. 300/.
- Their is no Fee/charges for online counselling and shall be started from the month of June.

6. **ਜੇ.ਈ.ਟੀ.ਤੋ ਬਾਅਦ ਦਾਖਲੇ ਦਾ ਢੰਗ:**

- ਵੱਖ ਵੱਖ ਡਿਪਲੋਮਾ ਕੋਰਸਾਂ ਵਿੱਚ ਦਾਖਲੇ ਲਈ ਰਿਜਰਵੇਸ਼ਨ ਪਾਲਸੀ JET ਦਾਖਲਾ ਪ੍ਰੋਸਪੈਕਟ ਵਿੱਚ ਵਿਸ਼ੇਸ਼ ਤੌਰ ਤੇ ਦਰਸਾਈ ਜਾਵੇਗੀ।
- ਦਾਖਲਾ ਪ੍ਰੋਸਪੈਕਟਸ ਜੇ.ਈ.ਟੀ 2015 ਦੇ ਰਿਜ਼ਲਟ ਤੋਂ ਬਾਅਦ ਉਪਲਬਧ ਹੋਵੇਗਾ। ਸਿਖਿਆਰਥੀਆਂ ਲਈਂ ਇਹ ਜਾਨਣਾਂ ਜਰੂਰੀ ਹੈ ਕਿ ਓਨਲਾਇਨ ਐਡਮੀਸ਼ਨ ਲਈ ਐਡਮੀਸ਼ਨ ਐਪਲੀਕੇਸ਼ਨ ਫਾਰਮ ਜਮ੍ਹਾਂ ਕਰਵਾਉਣਾ ਲਾਜਮੀ ਹੈ। ਬਿਲਕੁਲ ਸਹੀ ਮਿਤੀ ਅਖਬਾਰਾਂ ਰਾਹੀਂ ਸੂਚਿਤ ਕੀਤੀ ਜਾਵੇਗੀ।
- ਦਾਖਲਾ ਪ੍ਰੋਸਪੈਕਟਸ ਜਿਸ ਦੀ ਕੀਮਤ 250/- ਰੁਪਏ ਹੈ, ਜਿਲ੍ਹਾ ਸੁਵਿਧਾ ਕੇਂਦਰਾਂ, ਬੈਂਕਾਂ ਅਤੇ ਮਾਨਤਾ ਪ੍ਰਾਪਤ ਸੰਸਥਾਵਾਂ ਵਿੱਚ ਉਪਲਬਧ ਹੋਵੇਗਾ।
- ਇਹ ਦਾਖਲਾ ਫਾਰਮ ਉਮੀਦਵਾਰਾਂ ਦੁਆਰਾ ਜਿਲ੍ਹਾ ਸੁਵਿਧਾ ਕੇਂਦਰਾਂ, ਬੈਂਕਾਂ ਅਤੇ ਮਾਨਤਾ ਪ੍ਰਾਪਤ ਸੰਸਥਾਵਾਂ ਵਿੱਚ 300/- ਰੁਪਏ ਪ੍ਰੋਸੈਸਿੰਗ ਫੀਸ ਨਾਲ ਜਮ੍ਹਾਂ ਕਰਵਾਇਆ ਜਾਵੇਗਾ।
- ਆਨ ਲਾਈਨ ਐਡਮਿਸ਼ਨ ਕਾਉਂਸਲਿੰਗ ਲਈ ਕੋਈ ਫੀਸ ਨਹੀਂ ਹੋਵੇਗੀ ਅਤੇ ਇਹ ਜੂਨ ਦੇ ਮਹਿਨੇ ਤੋਂ ਸ਼ੁਰੂ ਹੋਵੇਗੀ।

# C. SCHOLARSHIP SCHEMES IN DIPLOMA COURSES

## ਡਿਪਲੋਮਾ ਕੋਰਸਾਂ ਵਿੱਚ ਵਜੀਫਾ ਸਕੀਮਾਂ

7. Full tuition fee concession under the Fee Waiver scheme for 5% students, whose parents annual income is less than Rs. 4.5 lacs.

- Scholarship of Rs. 12,000/- for 200 meritorious students, whose parents annual income is less than Rs. 2.0 lacs.
- Full Fee concession for 80 students, whose parents annual income is less than Rs. 1.5 lac.
- Full fee concession for top 3% of meritorious students in Government Polytechnic Institutions.
- Book grant of Rs. 600/- per semester for top 2.5% of meritorious students of General category and all the pass SC category students.
- There is provision of scholarship of Rs. 10,000/- and Rs. 320/- as maintenance allowance to Muslim, Sikh, Christian, Buddhist and Parsi community students by the Centre Government. For this benefit they must have passed the previous exam with minimum 50% marks and whose parents annual income is less than Rs. 2 lacs.
- Full fee concession for SC students, whose parents annual income is less than Rs. 2.5 lacs.

7. ਫੀਸ ਵੇਵਰ ਸਕੀਮ ਅਧੀਨ 5% ਸਿਖਿਆਰਥੀਆਂ ਜਿਹਨਾਂ ਦੀ ਪਰਿਵਾਰਕ ਆਮਦਨ 4.5 ਲੱਖ ਰੁਪਏ ਤੋਂ ਘੱਟ ਹੈ ਦੀ ਪੂਰੀ Tution Fee ਮੁਆਫ ਕੀਤੀ ਜਾਂਦੀ ਹੈ।

- ਮੈਰਿਟ ਵਿਚ ਆਉਣ ਵਾਲੇ 200 ਸਿਖਿਆਰਥੀਆਂ ਨੂੰ 12,000 ਰੁਪਏ ਵਜੀਫਾ ਦਿਤਾ ਜਾਵੇਗਾ, ਜਿਹਨਾਂ ਦੀ ਪਰਿਵਾਰਕ ਆਮਦਨ 2.0 ਲੱਖ ਰੁਪਏ ਤੋਂ ਘੱਟ ਹੈ।
- 80 ਸਿਖਿਆਰਥੀਆਂ ਜਿਹਨਾਂ ਦੀ ਪਰਿਵਾਰਕ ਆਮਦਨ 1.5 ਲੱਖ ਰੁਪਏ ਤੋਂ ਘੱਟ ਹੈ ਦੀ ਪੂਰੀ ਫੀਸ ਮੁਆਫ ਕੀਤੀ ਜਾਵੇਗੀ।
- ਸਰਕਾਰੀ ਸੰਸਥਾਵਾਂ ਵਿੱਚ ਅਵਲ ਦਰਜੇ ਤੇ ਆਉਣ ਵਾਲੇ 3% ਸਿਖਿਆਰਥੀਆਂ ਨੂੰ ਪੂਰੀ ਫੀਸ ਮੁਆਫ ਹੋਵੇਗੀ।
- ਮੈਰਿਟ ਵਿੱਚ ਆਉਣ ਵਾਲੇ 2.5% General category ਦੇ ਸਿਖਿਆਰਥੀਆਂ ਅਤੇ ਸਾਰੇ SC ਸਿਖਿਆਰਥੀਆਂ ਨੂੰ 600/- ਰੁਪਏ ਪ੍ਰਤੀ ਸਮੈਸਟਰ ਦੇ ਹਿਸਾਬ ਨਾਲ ਕਿਤਾਬਾਂ ਲਈ ਗ੍ਰਾਂਟ ਦਿੱਤੀ ਜਾਵੇਗੀ।
- ਕੇਂਦਰ ਸਰਕਾਰ ਵਲੋਂ ਮੁਸਲਿਮ, ਸਿੱਖ, ਇਸਾਈ, ਬੋਧੀਆਂ ਅਤੇ ਪਾਰਸੀ ਕੌਮ ਦੇ ਸਿਖਿਆਰਥੀਆਂ ਲਈ 10,000/- ਰੁਪਏ ਸਲਾਨਾ ਸਕਾਲਰਸ਼ਿਪ ਅਤੇ 320/- ਰੁਪਏ ਮੈਨਟੇਨੈਂਸ ਭੱਤੇ ਦਾ ਉਪਬੰਧ ਹੈ। ਇਸ ਵਾਸਤੇ ਸਿਖਿਆਰਥੀਆਂ ਨੂੰਪਹਿਲੀ ਪ੍ਰੀਖਿਆ ਘੱਟ ਤੋਂ ਘੱਟ 50% ਅੰਕਾਂ ਨਾਲ ਪਾਸ ਕਰਨੀ ਲਾਜਮੀ ਹੈ ਅਤੇ ਉਹਨਾਂ ਦੀ ਸਾਰੀਆਂ ਸਰੋਤਾਂ ਤੋਂ ਪਰਿਵਾਰਕ ਆਮਦਨ 2 ਲੱਖ ਰੁਪਏ ਤੋਂ ਵੱਧ ਨਹੀਂ ਹੋਣੀ ਚਾਹੀਦੀ।
- ਐਸ.ਸੀ. ਸਿਖਿਆਰਥੀਆਂ ਜਿਹਨਾਂ ਦੀ ਪਰਿਵਾਰਕ ਆਮਦਨ 2.5 ਲੱਖ ਰੁਪਏ ਤੋਂ ਘੱਟ ਹੈ ਦੀ ਪੂਰੀ ਫੀਸ ਮਾਫ ਕੀਤੀ ਜਾਵੇਗੀ।